# 'ਸਭ ਤੋਂ ਵੱਡੀ ਦੇਣ, ਲੋਕਾਂ ਨੂੰ ਸੰਘਰਸ਼ ਵਾਸਤੇ ਤਿਆਰ ਕਰਨਾ ਹੈ'

ਡਾ. ਪਰਮਿੰਦਰ ਸਿੰਘ

ਭਾਅ ਜੀ, ਗੁਰਸ਼ਰਨ ਸਿੰਘ ਜੀ ਅਤੇ ਪੰਡਾਲ ਵਿਚ ਸੁਸ਼ੋਭਤ ਵੱਖ-ਵੱਖ ਸਖਸ਼ੀਅਤਾਂ ਤੇ ਪੂਰੇ ਪੰਜਾਬ ਦੇ ਮੇਰੇ ਭੈਣੋ ਤੇ ਭਰਾਵੋ ਅਤੇ ਬਜ਼ੁਰਗੋ! ਅੱਜ ਅਸੀਂ ਇਸ ਇਤਿਹਾਸਕ ਦਿਨ 'ਚ, ਇਸ ਪਿੰਡ ਵਿਚ ਉਸ ਸਖਸ਼ੀਅਤ ਨੂੰ, ਮਾਣ ਦੇਣ ਵਾਸਤੇ, ਉਨ੍ਹਾਂ ਨੇ ਜੋ ਘਾਲਣਾਂ ਘਾਲੀਆਂ, ਉਨ੍ਹਾਂ ਦੇ ਮਾਣ ਦੇ ਵਿਚ ਅਸੀਂ ਇਕੱਠੇ ਹੋਏ ਆਂ, ਮੈਨੂੰ ਵਕਤ ਦਾ ਬਹੁਤ ਧਿਆਨ ਐ, ਪਹਿਲਾਂ ਹੀ ਪਛੜੇ ਆਂ ਵਕਤ ਤੋਂ ਅਸੀਂ। ਅਸੀਂ ਕੁਝ ਗੱਲਾਂ ਇਕ-ਦੂਜੇ ਨਾਲ ਵੰਡ ਕੇ ਕਰ ਰਹੇ ਹਾਂ। ਮੈਂ ਤੁਹਾਡੇ ਨਾਲ, ਸਿਰਫ਼ ਚੰਦ, ਉਹ ਗੱਲਾਂ ਸਾਂਝੀਆਂ ਕਰਨੀਆਂ ਚਾਹੂੰਗਾ, ਜਿਨ੍ਹਾਂ ਦਾ ਸੰਬੰਧ ਭਾਅ ਜੀ ਦੀ ਸਖਸ਼ੀਅਤ ਨਾਲ ਹੈ, ਉਸ ਇਨਸਾਨੀਅਤ ਨਾਲ ਹੈ, ਜਿਸ ਸਖਸ਼ੀਅਤ ਨੇ, ਇਨਸਾਨੀਅਤ ਨੇ ਸਾਡੇ ਸਾਰਿਆਂ ਦੇ ਮਨਾਂ ਵਿਚ ਖਿੱਚ ਪਾਈ ਰੱਖੀ ਐ, ਪਿਛਲੇ ਕਿੰਨੇ ਈ ਬਰਸਾਂ ਤੋਂ, ਪਿਛਲੇ 20-25 ਸਾਲਾਂ ਤੋਂ, ਉਸ ਸਖਸ਼ੀਅਤ ਨੇ ਜੋ ਰੰਗ ਭਰਿਆ ਐ, ਪੰਜਾਬੀ ਰੰਗਮੰਚ ਦੇ ਵਿਚ, ਤੇ ਉਸਦੇ ਦੁਆਰਾ, ਜਿਵੇਂ ਪੰਜਾਬ ਦੇ ਵਿਚ ਇਨਕਲਾਬੀ ਜਮਹੂਰੀ ਲਹਿਰ ਮਜਬੂਤ ਹੋਈ ਐ, ਉਸਦੇ ਸੰਬਧ ਵਿਚ ਸਿਰਫ ਮੈਂ ਕੁਝ ਗੱਲਾਂ ਕਹਿਣੀਆਂ ਚਾਹੂੰਗਾ। ਮੈਨੂੰ ਯਾਦ ਐ ਉਹ ਦਿਨ! ਜਦੋਂ ਪਹਿਲੀ ਵਾਰ ਅਸੀਂ ਭਾਅ ਜੀ ਦਾ ਉਹ ਡਰਾਮਾ ਵੇਖਿਆ— ਡੱਬਵਾਲੀ ਵਿਖੇ। ਜਾਂ ਉਸ ਤੋਂ ਪਿੱਛੋਂ ਬਹੁਤ ਵਾਰੀ ਵੇਖਿਆ ਤਾਂ ਸਾਨੂੰ ਭਾਅ ਜੀ ਦੇ ਕੁਛ ਖਾਸ ਲੁਕਸ (ਅੰਦਾਜ਼) ਸਟੇਜ 'ਤੇ ਨਜ਼ਰ ਆਉਂਦੇ ਆ। ਭਾਅ ਜੀ ਹੱਸਦੇ ਐ, ਭਾਅ ਜੀ ਹਸਾਉਂਦੇ ਐ। ਭਾਅ ਜੀ ਰੋਂਦੇ ਆ, ਭਾਅ ਜੀ ਰੁਆਉਂਦੇ ਐ। ਭਾਅ ਜੀ ਗੁੱਸਾ ਖਾਂਦੇ ਐ, ਗੁੱਸਾ ਦੁਆਉਂਦੇ ਆ। ਇਹ ਉਹ ਗੱਲਾਂ ਹੈਗੀਆਂ, ਭਾਅ ਜੀ ਦੀ ਸਖਸ਼ੀਅਤ ਦੀਆਂ ਜਿਹੜੀਆਂ ਗੱਲਾਂ ਸਾਡੇ ਮਨ ਦੇ ਵਿਚ, ਸਾਡੇ ਲੋਕਾਂ ਪ੍ਰਤੀ, ਸਾਡੇ ਆਮ ਬੰਦਿਆਂ ਦੇ ਪ੍ਰਤੀ, ਔਰਤਾਂ ਦੇ ਪ੍ਰਤੀ, ਸਾਡੇ ਬੱਚਿਆਂ ਦੇ ਪ੍ਰਤੀ, ਸਾਡੇ ਸਮਾਜ ਦੇ ਪ੍ਰਤੀ, ਸਾਡੀ ਇਸ ਲੋਕਾਈ ਦੇ ਪ੍ਰਤੀ, ਸਾਡੇ ਵਿਰਸੇ ਦੇ ਪ੍ਰਤੀ ਇਕ ਆਸ ਵੀ ਜਗਾਉਂਦੀ ਐ ਤੇ ਨਾਲ ਇਹ ਵੀ ਜਗਾਉਂਦੀ ਐ ਕਿ ਜੋ ਕੁਝ ਬੁਰਾ ਹੋ ਰਿਹੈ, ਉਸ ਨੂੰ ਬਦਲਣ ਦੀ ਲੋੜ ਐ। ਡਰਾਮਿਆਂ ਵਿਚ ਆ, ਜਦੋਂ ਕੋਈ ਕਲਾਕਾਰ ਸਟੇਜ 'ਤੇ ਪੇਸ਼ਕਾਰੀ ਕਰ ਰਿਹਾ ਹੁੰਦਾ ਐ ਤਾਂ ਭਾਅ ਜੀ ਸਟੇਜ 'ਤੇ ਪਿੱਛੇ ਬੈਠ ਕੇ ਮੁਸਕਰਾ ਰਹੇ ਹੁੰਦੇ ਐ। ਭਾਅ ਜੀ ਦੀਆਂ ਅੱਖਾਂ ਵਿਚ ਚਮਕ ਹੁੰਦੀ ਐ, ਉਹ ਚਮਕ, ਜਿਹੜੀ ਚਮਕ ਨਾ ਸਿਰਫ ਡਰਾਮੇ ਦੇਖ ਕੇ ਹੁੰਦੀ ਹੈ, ਇਹ ਚਮਕ ਉਹ ਚਮਕ ਹੁੰਦੀ ਐ, ਜਿਹੜੀ ਭਾਅ ਜੀ ਦੀਆਂ ਅੱਖਾਂ ਦੇ ਵਿਚ, ਜੋ ਦਰਸਾਉਂਦੀ ਐ ਕਿ ਉਹ ਠੀਕ ਸੁਨੇਹਾ ਲੋਕਾਂ ਦੇ ਵਿਚ ਲੈ ਕੇ ਜਾ ਰਹੇ ਨੇ।

ਮੈਨੂੰ ਇਕ ਨਿੱਕੀ ਜਿਹੀ ਘਟਨਾ ਯਾਦ ਐ, ਡੱਬਵਾਲੀ ਵਿਚ ਜਦੋਂ ਭਾਅ ਜੀ ਨੇ ਇਕ

ਡਰਾਮਾ ਕੀਤਾ, ਜਿਹੜਾ ਪਾਰਟੀਸ਼ਨ (ਦੇਸ਼ ਦੀ ਵੰਡ) ਨਾਲ ਸਬੰਧਤ ਸੀ। ਡਰਾਮਾ ਕਾਲਜ ਵਿਚ ਹੋ ਰਿਹਾ ਸੀ, ਕੁਛ ਮੁੰਡਿਆਂ ਨੇ ਵਿਚੋਂ ਕੁਝ ਇਹੋ ਜਿਹੀ ਗੱਲ ਕਹੀ, ਜਿਹੜੀ ਨਹੀਂ ਕਹਿਣੀ ਚਾਹੀਦੀ ਸੀ। ਭਾਅ ਜੀ ਨੇ ਡਰਾਮਾ ਰੋਕਿਆ। ਤੇ ਬੱਚਿਆਂ ਨੂੰ ਸਮਝਾਉਣ ਦੇ ਰੌਂਅ ਵਿਚ ਅੱਖਾਂ ਭਰ ਕੇ ਭਾਅ ਜੀ ਬੋਲੇ ਕਿ ਜੇਕਰ ਤੁਸੀਂ ਐਨੇ ਸਾਲਾਂ ਵਿਚ ਅਹਿ ਬਣਾਇਆ— ਤਾਂ ਜਿਹਨਾਂ ਨੇ ਬਣਾਇਆ ਉਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ। ਉਨ੍ਹਾਂ ਦਾ ਇਹ ਦਿਖਾਉਣਾ ਆਮ ਲੋਕਾਂ ਦੇ ਵਿਚ ਕਿ ਜੋ ਕੁਝ ਸੰਤਾਲੀ ਤੋਂ ਪਹਿਲਾਂ ਤੇ ਸੰਤਾਲੀ ਤੋਂ ਪਿੱਛੋਂ ਹੁੰਦਾ ਰਿਹੈ ਉਹ ਐਨਾ ਗ਼ਲਤ ਹੋਇਐ, ਉਹਦਾ ਲੋਕਾਂ ਵਿਚ ਐਨਾ ਵਿਰੋਧ ਐ ਕਿ ਉਹਦੇ ਪ੍ਰਤੀ ਗੁੱਸਾ ਜਗਾਉਣਾ ਤੇ ਗੁੱਸੇ ਤੋਂ ਬਾਅਦ ਲੋਕਾਂ ਨੂੰ, ਇਕ ਸੰਘਰਸ਼ ਦੇ ਵਾਸਤੇ— ਇਕ ਲੜਾਈ ਦੇ ਵਾਸਤੇ ਤਿਆਰ ਕਰਨਾ ਭਾਅ ਜੀ ਦੇ ਡਰਾਮਿਆਂ ਦੀ, ਭਾਅ ਜੀ ਦੀ ਸਖਸ਼ੀਅਤ ਦੀ ਇਹ ਸਭ ਤੋਂ ਵੱਡੀ ਦੇਣ ਐ। ਇਹਦੇ ਅੱਗੇ ਅਸੀਂ ਸਾਰੇ, ਜਿਹੜੇ ਇਥੇ ਇਕੱਠੇ ਹੋਏ ਆਂ, ਉਹ ਆਪਣਾ ਸਿਰ ਝੁਕਾਉਂਦੇ ਆਂ। ਤੇ ਅਖੀਰਲੀ ਗੱਲ ਮੈਂ ਕਹਿਣੀ ਚਾਹੂੰਗਾ ਕਿ ਜੇ ਤੁਸੀਂ ਖਾਸ ਤੌਰ 'ਤੇ ਸੱਤਰਵਿਆਂ ਤੋਂ ਲੈ ਕੇ ਭਾਅ ਜੀ ਦੇ ਡਰਾਮਿਆਂ ਨੂੰ ਦੇਖਦੇ ਹੁੰਦੇ ੳ, ਇਤਿਹਾਸ ਸਾਨੂੰ ਨਜ਼ਰ ਆਉਂਦੈ ਕਿ ਜੋ ਕੁਝ ਪੰਜਾਬ ਦੇ ਵਿਚ, ਜੋ ਕੁਝ ਹਿੰਦੋਸਤਾਨ ਦੇ ਵਿਚ ਹੁੰਦਾ ਰਿਹੈ, ਇਕ ਓਹ ਜ਼ਮਾਨਾ ਸੀ, ਜਦੋਂ 68-70 ਤੋਂ ਬਾਅਦ ਪੰਜਾਬ ਦੇ ਵਿਚ ਪੁਲਸ ਦੇ ਧੱਕੇ ਦੀ, ਪੁਲਸ ਦੇ ਜ਼ੁਲਮ ਦੀ ਬੜੀ ਹਨੇਰੀ ਚੱਲੀ ਸੀ, ਜਦੋਂ ਇਥੇ ਪਹਿਲੀ ਵਾਰ ਪੰਜਾਬ ਵਿਚ ਝੂਠੇ ਪੁਲਸ ਮੁਕਾਬਲਿਆਂ ਵਿਚ ਲੋਕਾਂ ਨੂੰ ਮਾਰਿਆ ਗਿਆ ਸੀ। ਉਨ੍ਹਾਂ ਸੂਰਬੀਰਾਂ ਨੂੰ ਮਾਰਿਆ ਗਿਆ ਸੀ, ਜਿਹੜੇ ਸੂਰਬੀਰ ਇਸ ਧਰਤੀ ਨੂੰ ਬਦਲ ਕੇ, ਇਸ ਨਿਜ਼ਾਮ ਨੂੰ ਬਦਲ ਕੇ ਇਕ ਨਵਾਂ ਨਿਜ਼ਾਮ ਸਥਾਪਤ ਕਰਨਾ ਚਾਹੁੰਦੇ ਸੀ ਤਾਂ ਉਦੋਂ ਭਾਅ ਜੀ ਦੇ ਡਰਾਮਿਆਂ ਦੀ ਧੁੱਸ ਸੀ, ਜੋ ਸੇਧ ਸੀ, ਉਹ ਪੁਲਸ ਜਬਰ ਦੇ ਖ਼ਿਲਾਫ ਸੀ, ਜਿਹੜਾ ਪੁਲਸ ਜਬਰ ਸਾਡੀ ਜੁਆਨੀ, ਸਾਡੇ ਨੌਜੁਆਨ ਵਰਕਰਾਂ ਨੂੰ ਤਬਾਹ ਕਰ ਰਿਹਾ ਸੀ। ਇਕ ਓਹ ਵੇਲਾ ਆਇਆ ਜਦੋਂ ਇਸ ਪੰਜਾਬ ਦੇ ਵਿਚ, ਫਿਰਕੂ ਖਾਲਿਸਤਾਨੀ ਦਹਿਸ਼ਤਗਰਦੀ ਦਾ ਨ੍ਹੇਰ ਝੁੱਲਿਆ, ਜਿਹੜੇ ਉਨ੍ਹਾਂ ਲੋਕਾਂ ਨਾਲ ਧੱਕੇ ਕੀਤੇ ਤੇ ਉਨ੍ਹਾਂ ਨੇ ਲੋਕ ਸ਼ਹੀਦ ਕੀਤੇ, ਮਾਰੇ ਤੇ ਉਹਦੇ ਨਾਲ-ਨਾਲ ਪੁਲਸ ਜਬਰ ਸ਼ੁਰੂ ਹੋਇਆ ਤੇ ਭਾਅ ਜੀ, ਉਸ ਹਾਲਾਤ ਤੋਂ ਪ੍ਰਭਾਵਿਤ ਹੋ ਕੇ ਆਪਣੇ ਡਰਾਮੇ ਲੈ ਕੇ ਆਏ। ਇਕ ਕੁਰਸੀ ਇਕ ਮੋਰਚਾ। ਇਹਦੇ ਨਾਲ ਹੋਰ ਡਰਾਮੇ ਸ਼ਾਮਲ ਕਰ ਸਕਦੇ ਆਂ। ਉਸ ਤੋਂ ਬਾਅਦ ਵਿਚ ਇਹ ਦੌਰ ਆਇਆ ਤੇ ਫਿਰ ਕਿਸੇ ਤਰੀਕੇ ਦੇ ਨਾਲ ਇਹ ਹਾਲਾਤ ਇਥੇ ਬਦਲਦੇ ਗਏ ਆ, ਲੋਕਾਂ ਦੇ ਸੰਘਰਸ਼ ਵਾਸਤੇ, ਲੋਕਾਂ ਦੇ ਸੰਘਰਸ਼ ਅੱਗੇ ਲਿਜਾਣ ਦੇ ਵਾਸਤੇ, ਇਥੇ ਜਮਹੂਰੀ ਲਹਿਰ ਦੀ ਮਜਬੂਤੀ ਵਾਸਤੇ, ਭਾਅ ਜੀ ਹਮੇਸ਼ਾਂ ਆਪਣੇ ਡਰਾਮਿਆਂ ਰਾਹੀਂ ਲੋਕਾਂ ਵਿਚ ਐਕਟਿਵ ਰਹੇ ਐ। ਅੱਜ ਅਸੀਂ ਉਸ ਸਖਸ਼ੀਅਤ ਦਾ, ਉਨ੍ਹਾਂ ਡਰਾਮਿਆਂ ਦਾ ਮਾਣ ਕਰਨ ਵਾਸਤੇ ਇਕੱਠੇ ਹੋਏ ਆਂ, ਤੇ ਸਾਨੂੰ ਇਹ ਮਾਣ ਐ ਕਿ ਸਾਡੀ ਧਰਤੀ ਨੇ ਭਾਅ ਜੀ ਵਰਗੇ ਸਪੂਤ ਨੂੰ ਪੈਦਾ ਕੀਤੈ। ਤੇ ਇਹਦੇ ਨਾਲ-ਨਾਲ ਉਨ੍ਹਾਂ ਇਥੇ ਸਾਡੇ ਵਿਚ ਜੋ ਸੋਝੀ ਜਗਾਈ ਐ, ਜੋ ਸਾਨੂੰ ਪਿਆਰ ਕੀਤੈ, ਅੱਜ ਅਸੀਂ ਉਹਦੇ ਮਾਣ ਵਿਚ ਇਥੇ ਇਕੱਠੇ ਹੋਏ ਆਂ।